# ਰੋਜਾਨਾ ਕਰਾਇਮ ਰਿਪੋਰਟ ਮਿਤੀ 24.11.2023

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ ਅਤੇ ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਕੋਟਭਾਈ | 169 ਮਿਤੀ 23.11.2023 ਅ/ਧ 304A,283,427 IPC | ਪਿੰਡ ਲੁਹਾਰਾ | ਬਰਬਿਆਨ ਸੁਖਪਾਲ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਭਲਾਈਆਣਾ | ਨਾ ਮਲੂਮ ਵਿਅਕਤੀ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਮੁਦਈ ਮਿਤੀ 22.11.2023 ਨੂੰ ਮੁੱਦਈ ਦਾ ਲੜਕਾ ਚਮਕੌਰ ਸਿੰਘ ਜੋ ਆਪਣੇ ਮੋਟਰ ਸਾਈਕਲ ਨੰਬਰੀ PB-60C-7646 ਹੀਰੋ HF ਡੀਲਕਸ ਪਰ ਸਵਾਰ ਹੋ ਕੇ ਸ੍ਰੀ ਮੁਕਤਸਰ ਸਾਹਿਬ ਤੋ ਪਿੰਡ ਭਲਾਈਆਣਾ ਨੂੰ ਜਾ ਰਿਹਾ ਸੀ ਤਾ ਜਦ ਪਿੰਡ ਲੁਹਾਰਾ ਨੇੜੇ ਪੈਟਰੋਲ ਪੰਪ ਕੋਲ ਪੁੱਜਾ ਤਾ ਸੜਕ ਤੇ ਇੱਕ ਟਰੈਕਟਰ ਟਰਾਲਾ ਬਿਨਾ ਪਾਰਕਿੰਗ ਲਾਪ੍ਰਵਾਹੀ ਨਾਲ ਗੱਠਾ ਦਾ ਭਰਿਆ ਹੋਇਆ ਸੜਕ ਦੇ ਵਿਚਕਾਰ ਖੜਾ ਕੀਤਾ ਹੋਇਆ ਸੀ ਜਿਸਦੇ ਪਿੱਛੇ ਕੋਈ ਰਿਫਲੈਕਟਰ ਵਗੈਰਾ ਨਹੀ ਸੀ ਅਤੇ ਨਾ ਹੀ ਕੋਈ ਇੰਡੀ ਡੀਪਰ ਲਾਈਟ ਵਗੈਰਾ ਜਗ ਰਹੀ ਸੀ।ਰਾਤ ਦਾ ਹਨੇਰਾ ਅਤੇ ਧੁੰਦ ਹੋਣ ਕਰਕੇ ਮੁੱਦਈ ਦੇ ਲੜਕੇ ਦਾ ਮੋਟਰਸਾਈਕਲ ਟਰਾਲੇ ਵਿੱਚ ਵੱਜਾ ਤਾ ਮੁੱਦਈ ਦਾ ਲੜਕਾ ਚਮਕੌਰ ਸਿੰਘ ਮੋਟਰ ਸਾਈਕਲ ਟਰਾਲੇ ਨਾਲ ਟਕਰਾਉਣ ਤੋ ਬਾਅਦ ਸੜਕ ਪਰ ਡਿੱਗ ਪਿਆ ਅਤੇ ਟਰਾਲੇ ਵਿੱਚ ਵੱਜਣ ਕਰਕੇ ਅਤੇ ਸੜਕ ਤੇ ਡਿੱਗਣ ਕਾਰਨ ਉਸਦੇ ਸਿਰ ਵਿੱਚ ਸੱਟ ਲੱਗੀ ਅਤੇ ਖੱਬੀ ਲੱਤ ਪਰ ਵੀ ਸੱਟ ਲੱਗ ਗਈ ਅਤੇ ਉਸਦੇ ਮੋਟਰਸਾਈਕਲ ਦਾ ਵੀ ਕਾਫੀ ਨੁਕਸਾਨ ਹੋ ਗਿਆ।ਫਿਰ ਮੁੱਦਈ ਦੇ ਵੇਖਦਿਆ ਵੇਖਦਿਆ ਹੀ ਟਰੈਕਟਰ ਟਰਾਲੇ ਦਾ ਡਰਾਈਵਰ ਟਰੈਕਟਰ ਟਰਾਲੇ ਨੂੰ ਛੱਡ ਕੇ ਮੋਕਾ ਤੋ ਭੱਜ ਗਿਆ। ਇਲਾਜ ਦੌਰਾਨੇ ਚਮਕੌਰ ਸਿੰਘ ਦੀ ਮੌਤ ਹੋ ਗਈ ਹੈ। ਇਹ ਆਕਸੀਡੈਟ ਨਾਮਾਲੂਮ ਟਰੈਕਟਰ ਟਰਾਲੇ ਦੇ ਡਰਾਈਵਰ ਦੇ ਲਾਪ੍ਰਵਾਹੀ ਨਾਲ ਸੜਕ ਤੇ ਬਿਨਾ ਡਿੱਪਰ ਅਤੇ ਬਿਨਾ ਰਿਫਲੈਕਟਰ ਲੱਗੇ ਟਰੈਕਟਰ ਟਰਾਲੇ ਨੂੰ ਖੜਾ ਕਰਨ ਕਰਕੇ ਵਾਪਰਿਆ ਹੈ।ਜਿਸ ਤੇ ਉਕਤ ਮੁਕੱਦਮਾ ਦਰਜ ਕੀਤਾ ਗਿਆ। | | ਹੌਲ ਹਰਪ੍ਰੀਤ ਸਿੰਘ |
| 2 | ਕਬਰਵਾਲਾ | 168 ਮਿਤੀ 23.11.2023 ਅ/ਧ 61/1/14 EX ACT | ਪਿੰਡ ਕੋਲਿਆਵਾਲੀ | ਰੁੱਕਾ ਵੱਲੋ: ਹੌਲਦਾਰ ਸੰਜੀਵ ਕੁਮਾਰ | ਵੀਰਪਾਲ ਕੌਰ ਪਤਨੀ ਕਰਨੈਲ ਸਿੰਘ ਵਾਸੀ ਕੋਲਿਆਵਾਲੀ | ਬਰਜਮਾਨਤ ਰਿਹਾਅ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਹੋਲਦਾਰ ਸੰਜੀਵ ਕੁਮਾਰ ਸਮੇਤ ਸਾਥੀ ਕਰਮਚਾਰੀਆ ਦੇ ਬਾ ਸਵਾਰੀ ਪ੍ਰਾਈਵੇਟ ਵਹੀਕਲ ਬਰਾਏ ਕਰਨੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਬੱਸ ਸਟਾਪ ਪਿੰਡ ਬੁਰਜ ਸਿਧਵਾ ਮੋਜੂਦ ਸੀ ਤਾ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਵੀਰਪਾਲ ਕੋਰ ਪਤਨੀ ਕਰਨੈਲ ਸਿੰਘ ਵਾਸੀ ਕੋਲਿਆਵਾਲੀ ਆਪਣੇ ਘਰ ਵਿੱਚ ਸ਼ਰਾਬ ਨਜਾਇਜ ਕਸੀਦ ਕਰਨ ਤੇ ਵੇਚਣ ਦੀ ਆਦੀ ਹੈ ਜੇਕਰ ਹੁਣੇ ਹੀ ਉਸ ਦੇ ਘਰ ਰੇਡ ਕੀਤਾ ਜਾਵੇ ਤਾ ਸ਼ਰਾਬ ਨਜੈਜ ਬ੍ਰਾਮਦ ਹੋ ਸਕਦੀ ਹੈ।ਇਤਲਾਹ ਮੋਹਤਬਰ ਤੇ ਠੋਸ ਹੋਣ ਤੇ ਉਕਤ ਮੁਕੱਦਮਾ ਦਰਜ ਕੀਤਾ ਗਿਆ। | 9-1/2 ਬੋਤਲਾਂ ਸ਼ਰਾਬ ਨਜੈਜ | ਹੌਲਦਾਰ ਸੰਜੀਵ ਕੁਮਾਰ |
| 3 | ਕਬਰਵਾਲਾ | 169 ਮਿਤੀ 23.11.2023 ਅ/ਧ 380 IPC | ਗੁਰੂਸਰ ਯੋਧਾ | ਰਾਜਵੰਤ ਕੌਰ ਪਤਨੀ ਇਕਬਾਲ ਸਿੰਘ ਵਾਸੀ ਰਾਜਧਾਨੀ ਪਾਰਕ ਨਵੀ ਦਿੱਲੀ | 1. ਬਲਵਿੰਦਰ ਕੌਰ ਪਤਨੀ ਸਤਨਾਮ ਸਿੰਘ ਵਾਸੀ ਝੋਕ ਹਰੀਹਰ ਕੁੱਲਗੜੀ ਫਿਰੋਜ਼ਪੁਰ<br>2. ਲਵਪ੍ਰੀਤ ਸਿੰਘ ਉਰਫ ਲੱਭੂ ਪੁੱਤਰ ਰਾਜ ਸਿੰਘ ਵਾਸੀ ਗੁਰੂਸਰ ਯੋਧਾ | ਬਾਕੀ ਹੈ | ਸੰਖੇਪ ਹਲਾਤ ਇਸ ਪ੍ਰਕਾਰ ਹੈ ਕਿ ਮੁਦਈਆ ਰਾਜਵੰਤ ਕੋਰ ਜੋ ਮਿਤੀ 16.09.23 ਨੂੰ ਆਪਣੀ ਨਨਾਣ ਦੇ ਦੋਵਾ ਲੜਕਿਆ ਦੀ ਸਾਦੀ ਪਰ ਗੁਰੂਸਰ ਯੋਧਾ ਆਏ ਸੀ।ਸਾਰਾ ਪ੍ਰੋਗਰਾਮ ਖਤਮ ਹੋਣ ਤੋ ਬਾਅਦ ਮਿਤੀ 20.09.23 ਨੂੰ ਆਪਣਾ ਸੋਨਾ ਹਾਰ 5 ਤੋਲੇ,4 ਛਾਪਾ ਨੂੰਹ ਦੀਆ 4 ਛਾਪਾ,ਕੰਨਾ ਦੀਆ ਵਾਲੀਆ,ਮੁਦਈਆ ਦੇ ਪਤੀ ਦਾ ਕੜਾ ,ਲੜਕੇ ਦਾ ਕੜਾ ਅਤੇ ਨਗਦੀ 20,000 ਰੁਪਏ ਸੀ ਜੋ ਸਾਰਾ ਸਮਾਨ ਛੋਟੇ ਪਰਸ ਵਿਚ ਪਾ ਕੇ ਅਟੈਚੀ ਕੇਸ ਵਿਚ ਰੱਖ ਤਾ ਉਸ ਵਕਤ ਬਲਵਿੰਦਰ ਕੋਰ ਪਤਨੀ ਸਤਨਾਮ ਸਿੰਘ ਅਤੇ ਲਵਪ੍ਰੀਤ ਸਿੰਘ ਉਰਫ ਲੱਭੂ ਪੁੱਤਰ ਰਾਜ ਸਿੰਘ ਵਾਸੀ ਗੁਰੂਸਰ ਯੋਧਾ ਬੈਠੇ ਸਨ ਜਿਹਨਾ ਨੇ ਸਾਮਾਨ ਰੱਖਦੀਆ ਵੇਖੀਆ ਰੋਟੀ ਖਾਣ ਤੋ ਬਾਅਦ ਮੁਦਈਆ ਆਪਣੇ ਕਮਰੇ ਵਿਚ ਜਾ ਕੇ ਦੇਖਿਆ ਕੇ ਅਟੈਚੀਕੇਸ ਦੀ ਜਿੱਪ ਖੁੱਲੀ ਹੋਈ ਸੀ ਉਸ ਵਕਤ ਕਮਰੇ ਵਿਚ ਬਲਵਿੰਦਰ ਕੋਰ ਅਤੇ ਲਵਪ੍ਰੀਤ ਸਿੰਘ ਨਹੀ ਸਨ।ਮੁਦਈਆ ਨੇ ਰੋਲਾ ਪਾਇਆ ਤਾ ਗੁਰਮੀਤ ਸਿੰਘ ਕਹਿਣ ਲੱਗਾ ਕੇ ਭੈਣ ਰੋਲਾ ਨਾ ਪਾ ਅਸੀ ਤੇਰਾ ਸੋਨਾ ਦਵਾ ਦੇਵਾਗੇ ।ਫਿਰ ਪਿੰਡ ਵਿਚ ਪੰਚਾਇਤ ਕੀਤੀ ਅਤੇ 12-1/2 ਤੋਲੇ ਦੀ ਕੀਮਤ ਪਾ ਕੇ ਮਿਤੀ 20.11.23 ਦੇਣ ਦੀ ਨਿਸਚਿਤ ਕੀਤੀ ਜੋ ਅੱਜ ਤਕ ਨਾ ਸੋਨਾ ਵਾਪਸ ਕੀਤਾ ਅਤੇ ਨਾ ਪੈਸੇ ਦਿੱਤੇ ਜਿਸ ਦੀ ਸਾਰੀ ਕੀਮਤ 6 ਲੱਖ 20 ਹਜਾਰ ਬਣਦੀ ਹੈ ਜਿਸਤੇ ਉਕਤ ਮੁਕੱਦਮਾ ਦਰਜ ਕੀਤਾ ਗਿਆ। | | ਸ:ਥ ਰਾਜਵਿੰਦਰ ਸਿੰਘ |
| 4 | ਲੰਬੀ | 261 ਮਿਤੀ 23.11.2023 ਅ/ਧ 15B/61/85 NDPS ACT | ਕੋਟਲੀ ਰੋਡ ਬਾਹੱਦ ਰਕਬਾ ਮੰਡੀ ਕਿਲਿਆਂਵਾਲੀ | ਰੁੱਕਾ ਵੱਲੋ: ਸ:ਥ ਅਮਰੀਕ ਸਿੰਘ | ਖੁਸ਼ਪ੍ਰੀਤ ਸਿੰਘ ਉਰਫ ਖੁਸ਼ ਪੁੱਤਰ ਗੁਰਮੀਤ ਸਿੰਘ ਪੁੱਤਰ ਧੰਨਾ ਸਿੰਘ ਵਾਸੀ ਗੋਬਿੰਦਪੁਰਾ ਥਾਣਾ ਕੈਟ ਬਠਿੰਡਾ | ਹੋ ਚੁੱਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਮਿਤੀ 21.11.23 ਨੂੰ ਸ:ਥ ਅਮਰੀਕ ਸਿੰਘ ਸਮੇਤ ਪੁਲਿਸ ਪਾਰਟੀ ਦੇ ਬਰਾਏ ਗਸਤ ਵਾ ਚੈਕਿੰਗ ਸੱਕੀ ਪੁਰਸਾ ਦੇ ਸਬੰਧ ਵਿਚ ਮੰਡੀ ਕਿਲਿਆਵਾਲੀ ਤੋ ਸਿਘੇਵਾਲਾ ਫਤੂਹੀ ਵਾਲਾ ਨੂੰ ਜਾ ਰਿਹਾ ਸੀ ਜਦ ਪੁਲਿਸ ਪਾਰਟੀ ਗਸਤ ਕਰਦੀ ਪਸੂ ਮੰਡੀ ਤੋ ਹੁੰਦੀ ਹੋਈ ਕੋਟਲੀ ਰੋਡ ਮੋੜ ਤੋ ਥੋੜਾ ਅੱਗੇ ਪੁਜੀ ਤਾ ਇਕ ਆਦਮੀ ਕਾਲੇ ਰੰਗ ਦਾ ਪਿਠੂ ਬੈਗ ਫੜੀ ਬੈਠਾ ਅਚਾਨਕ ਪੁਲਿਸ ਪਾਰਟੀ ਦੀ ਗੱਡੀ ਨੂੰ ਵੇਖ ਕੇ ਇਕ ਦਮ ਉਠ ਕੇ ਘਬਰਾ ਕੇ ਅੱਗੇ ਨੂੰ ਜਾਣ ਲੱਗਾ ਜਿਸ ਪਰ ਸ਼ੱਕ ਦੀ ਬਿਨਾ ਪਰ ਗੱਡੀ ਰੁਕਵਾ ਕੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਉਸ ਨੂੰ ਸਮੇਤ ਪਿਠੂ ਬੈਗ ਦੇ ਕਾਬੂ ਕਰਕੇ ਨਾਮ ਪਤਾ ਪੁਛਿਆ ਜਿਸ ਨੇ ਆਪਣਾ ਨਾਮ ਖੁਸ਼ਪ੍ਰੀਤ ਸਿੰਘ ਉਰਫ ਖੁਸ਼ ਦੱਸਿਆ।ਖੁਸਪ੍ਰੀਤ ਸਿੰਘ ਉਕਤ ਦੇ ਕਬਜਾ ਵਿਚਲੇ ਪਿਠੂ ਬੈਗ ਰੰਗ ਕਾਲਾ ਵਿਚ ਕੋਈ ਨਸੀਲੀ ਵਸਤੂ ਹੋਣ ਦਾ ਸੱਕ ਹੈ, ਇਸ ਲਈ ਸਾਥੀਆ ਦੀ ਮਦਦ ਨਾਲ ਖੁਸਪ੍ਰੀਤ ਸਿਘ ਉਕਤ ਨੂੰ ਸਮੇਤ ਪਿਠੂ ਬੈਗ ਦੇ ਮੋਕਾ ਪਰ ਰੋਕ ਕੇ ਰੱਖਿਆ ਅਤੇ ਲਿਖਤੀ ਇਤਲਾਹ ਥਾਣਾ ਭੇਜੀ ਜਿਸਤੇ ਐਸ ਆਈ ਅਮਰ ਸਿੰਘ ਨੇ ਮੋਕਾ ਪਰ ਪੁੱਜ ਕੇ ਕਾਰਵਾਈ ਹਸਬ ਜਾਬਤਾ ਅਮਲ ਵਿੱਚ ਲਿਆਂਦੀ ਤਾ ਮੁਸੱਮੀ ਖੁਸ਼ਪ੍ਰੀਤ ਸਿੰਘ ਉਕਤ ਦੇ ਕਬਜਾ ਵਿਚਲੇ | 07 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ | ਐਸ ਆਈ ਅਮਰ ਸਿੰਘ ਆਰਜੀ ਥਾਣਾ ਕਿਲਿਆਂਵਾਲੀ |

| | | | | | | | | | |
|---|---|---|---|---|---|---|---|---|---|
| | | | | | | | ਪਿੱਠੂ ਬੈੱਗ ਵਿਚਲੇ ਗੱਟਾ ਪਲਾਸਟਿਕ ਵਿੱਚੋ 07 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ ਜਿਸ ਤੇ ਉਕਤ ਮੁਕੱਦਮਾ ਦਰਜ ਕੀਤਾ ਗਿਆ ਹੈ। | | |
| 5 | ਸਿਟੀ ਸ੍ਰੀ ਮੁਕਤਸਰ ਸਾਹਿਬ | 191 ਮਿਤੀ 23.11.2023 ਅ/ਧ 61/1/14 EX ACT | ਬੂੜਾ ਗੁੱਜਰ ਰੋਡ ਨੇੜੇ ਬਾਂਸਲ ਪੈਲੇਸ ਸ੍ਰੀ ਮੁਕਤਸਰ ਸਾਹਿਬ | ਹੌਲਦਾਰ ਹਰਗਿੰਦਰ ਸਿੰਘ | 1. ਰਜਿੰਦਰ ਸਿੰਘ ਉਰਫ ਰਾਜਨ ਪੁੱਤਰ ਸਤਨਾਮ ਸਿੰਘ ਵਾਸੀ ਬੂੜਾ ਗੁੱਜਰ ਰੋਡ,ਸ੍ਰੀ ਮੁਕਤਸਰ ਸਾਹਿਬ<br>2. ਪਵਨ ਕੁਮਾਰ ਪੁੱਤਰ ਕੁਲਦੀਪ ਸਿੰਘ ਵਾਸੀ ਲੁਹਾਰਾ | ਹੋ ਚੁੱਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਹੌਲ ਹਰਗਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਬੂੜਾ ਗੁੱਜਰ ਰੋਡ ਨੇੜੇ ਬਾਂਸਲ ਪੈਲੇਸ ਸ੍ਰੀ ਮੁਕਤਸਰ ਸਾਹਿਬ ਮੌਜੂਦ ਸੀ ਤਾਂ ਦੌਰਾਨੇ ਗਸ਼ਤ ਪੁਲਿਸ ਪਾਰਟੀ ਨੂੰ ਦੋਸ਼ੀਆ ਪਾਸੋ 25 ਬੋਤਲਾਂ ਸ਼ਰਾਬ ਨਜੈਜ ਬ੍ਰਾਮਦ ਹੋਈ ਜਿਸਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। | 25 ਬੋਤਲਾਂ ਸ਼ਰਾਬ ਨਜਾਇਜ਼ | ਹੌਲਦਾਰ ਹਰਗਿੰਦਰ ਸਿੰਘ |
| 6 | ਸਿਟੀ ਮਲੋਟ | 202 ਮਿਤੀ 23.11.2023 ਅ/ਧ 15B/61/85 NDPS ACT | ਠਾਕਨ ਕਰਿਆਨਾ ਸਟੋਰ ਪਿੰਡ ਦਾਨੇਵਾਲਾ | ਸ:ਥ ਸੁਖਮੰਦਰ ਸਿੰਘ | ਅੰਮ੍ਰਿਤਪਾਲ ਕੌਰ ਪਤਨੀ ਜਸਪਾਲ ਸਿੰਘ ਵਾਸੀ ਨੇੜੇ ਸਰਕਾਰੀ ਸਕੂਲ ਪਿੰਡ ਦਾਨੇਵਾਲਾ | ਹੋ ਚੁੱਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਸ:ਥ ਸੁਖਮੰਦਰ ਸਿੰਘ ਸਮੇਤ ਸਾਥੀ ਕ੍ਰਮਚਾਰੀਆ ਦੇ ਬਰਾਏ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਪਿੰਡ ਮਲੋਟ,ਸ਼ਹਿਰ ਮਲੋਟ ਅਤੇ ਪਿੰਡ ਦਾਨੇਵਾਲਾ ਦੀ ਫਿਰਨੀ ਨੇੜੇ ਸਰਕਾਰੀ ਸਕੂਲ ਤੋ ਲਿੰਕ ਰੋਡ ਰਾਂਹੀ ਪਿੰਡ ਦਾਨੇਵਾਲਾ,ਪਿੰਡ ਜੰਡਵਾਲਾ ਆਦਿ ਨੂੰ ਜਾ ਰਹੇ ਸੀ,ਜਦ ਪੁਲਿਸ ਪਾਰਟੀ ਠਾਕਨ ਕਰਿਆਨਾ ਸਟੋਰ ਪਿੰਡ ਦਾਨੇਵਾਲਾ ਦੀ ਦੁਕਾਨ ਪਾਸ ਪੁੱਜੀ ਤਾਂ ਇੱਕ ਔਰਤ ਪੁਲਿਸ ਪਾਰਟੀ ਨੂੰ ਵੇਖ ਕੇ ਘਬਰਾ ਕੇ ਇੱਕ ਦਮ ਕਰਿਆਨਾ ਸਟੋਰ ਦੇ ਅੰਦਰ ਚਲੀ ਗਈ ਤਾਂ ਮਨ ਸ:ਥ ਨੇ ਸ਼ੱਕ ਦੀ ਬਿਨਾਹ ਤੇ ਗੱਡੀ ਰੁਕਵਾ ਕੇ ਸਮੇਤ ਸਾਥੀਆ ਦੇ ਦੁਕਾਨ ਅੰਦਰ ਵੇਖਿਆ,ਜਿੱਥੇ ਇੱਕ ਔਰਤ ਇੱਕ ਗੱਟਾ ਪਲਾਸਟਿਕ ਰੰਗ ਚਿੱਟਾ ਜਿਸਦਾ ਮੂੰਹ ਖੁੱਲਾ ਹੋਇਆ ਨੂੰ ਖਿੱਚ ਕੇ ਦੁਕਾਨ ਦੇ ਅੰਦਰਲੇ ਦਰਵਾਜੇ ਰਾਂਹੀ ਆਪਣੇ ਘਰ ਵੱਲ ਨੂੰ ਲਿਜਾਣ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਮਨ ਸ:ਥ ਸਮੇਤ ਸਾਥੀ ਕਰਮਚਾਰੀਆ ਦੇ ਔਰਤ ਨੂੰ ਕਾਬੂ ਕੀਤਾ ਅਤੇ ਉਸਦੇ ਹੱਥ ਵਿੱਚ ਫੜੇ ਹੋਏ ਗੱਟਾ ਪਲਸਟਿਕ ਖੁੱਲੇ ਮੂੰਹ ਨੂੰ ਦੇਖਿਆ। ਜਿਸ ਵਿੱਚੋ ਭੁੱਕੀ ਚੂਰਾ ਪੋਸਤ ਸਾਫ ਦਿਖਾਈ ਦੇ ਰਿਹਾ ਸੀ।ਜਿਸਦੀ ਲਿਖਤੀ ਇਤਲਾਹ ਥਾਣਾ ਭੇਜੀ ਜਿਸਤੇ ਐਸ ਆਈ ਜਗਸੀਰ ਸਿੰਘ ਮੌਕਾ ਪਰ ਪੁੱਜ ਕੇ ਗੱਟਾ ਪਲਾਸਟਿਕ ਨੂੰ ਚੈਕ ਕੀਤਾ ਜਿਸ ਵਿੱਚੋ 20 ਕਿਲੋ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਇਆ ਜਿਸ ਤੇ ਉਕਤ ਮੁਕੱਦਮਾ ਦਰਜ ਕੀਤਾ ਗਿਆ। | 20 ਕਿਲੋਗ੍ਰਾਮ ਚੂਰਾ ਪੋਸਤ | ਐਸ ਆਈ ਜਗਸੀਰ ਸਿੰਘ |
| 7 | ਸਿਟੀ ਮਲੋਟ | 203 ਮਿਤੀ 23.11.2023 ਅ/ਧ 323,341,148, 149 IPC | ਬੁਰਜਾ ਰੋਡ ਤੋ ਥੋੜਾ ਅੱਗੇ ਕਮਿਉਰਟੀ ਹਾਲ ਦੇ ਨੇੜੇ ਛਾਪਿਆਵਾਲੀ | ਗੁਰਨਾਮ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਨੇੜੇ GND ਪਬਲਿਕ ਸਕੂਲ ਪਿੰਡ ਛਾਪਿਆਵਾਲੀ | 1. ਮਹਿੰਦਰ ਕੁਮਾਰ ਪੁੱਤਰ ਲਾਲ ਚੰਦ<br>2. ਸੁਰਿੰਦਰ ਕੁਮਾਰ ਪੁੱਤਰ ਲਾਲ ਚੰਦ<br>3. ਭਜਨ ਪੁੱਤਰ ਮਦਨ ਲਾਲ<br>4. ਮੰਨੂ ਪੁੱਤਰ ਸੁਰਿੰਦਰ ਕੁਮਾਰ<br>5. ਅਜੀਤ ਕੁਮਾਰ ਪੁੱਤਰ ਮਹਿੰਦਰ ਕੁਮਾਰ<br>6. ਰਘੂ ਪੁੱਤਰ ਮਹਿੰਦਰ ਕੁਮਾਰ<br>7. ਸੁਖਰਾਜ ਪੁੱਤਰ ਮਹਿੰਦਰ ਕੁਮਾਰ ਵਾਸੀਆਨ ਪਿੰਡ ਛਾਪਿਆਵਾਲੀ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਬਿਆਨ ਅਜਾਨੇ ਗੁਰਨਾਮ ਸਿੰਘ S/O ਕਸ਼ਮੀਰ ਸਿੰਘ ਵਾਸੀ ਨੇੜੇ GND ਪਬਲਿਕ ਸਕੂਲ ਪਿੰਡ ਛਾਪਿਆਂਵਾਲੀ ਉਮਰ ਕਰੀਬ 40 ਸਾਲ ਮੋਬਾਇਲ ਨੰਬਰ 81466-93057 ਮੁਦਈ ਮੁਕੱਦਮਾ ਮਿਤੀ 21.11.2023 ਨੂੰ ਵਕਤ ਕਰੀਬ 8.00 ਵਜੇ ਸ਼ਾਮ ਨੂੰ ਅਪਣੇ ਭਤੀਜਾ ਭਿੰਦਰ ਸਿੰਘ S/O ਅਵਤਾਰ ਸਿੰਘ ਉਰਫ ਤਾਰਾ ਵਾਸੀ ਛਾਪਿਆਂਵਾਲੀ ਆਪਣੇ ਕੰਮ ਕਾਰ ਤੋਂ ਵਿਹਲੇ ਹੋ ਕੇ ਆਪਣੇ ਘਰ ਨੂੰ ਜਾ ਰਹੇ ਸੀ ਜਦ ਉਹ ਦੋਵੇਂ ਜਣੇ ਬੁਰਜਾਂ ਰੋਡ ਤੋਂ ਥੋੜਾ ਅੱਗੇ ਕਮਿਉਰਟੀ ਹਾਲ ਦੇ ਨੇੜੇ ਪੁੱਜੇ ਤਾਂ ਉੱਥੇ ਮਹਿੰਦਰ ਕੁਮਾਰ ਪੁੱਤਰ ਲਾਲ ਚੰਦ,ਸੁਰਿੰਦਰ ਕੁਮਾਰ ਪੁੱਤਰ ਲਾਲ ਚੰਦ,ਭਜਨ ਪੁੱਤਰ ਮਦਨ ਲਾਲ<br>,ਮੰਨੂ ਪੁੱਤਰ ਸੁਰਿੰਦਰ ਕੁਮਾਰ,ਅਜੀਤ ਕੁਮਾਰ ਪੁੱਤਰ ਮਹਿੰਦਰ ਕੁਮਾਰ,ਰਘੂ ਪੁੱਤਰ ਮਹਿੰਦਰ ਕੁਮਾਰ,ਸੁਖਰਾਜ ਪੁੱਤਰ ਮਹਿੰਦਰ ਕੁਮਾਰ ਵਾਸੀਆਨ ਪਿੰਡ ਛਾਪਿਆਵਾਲੀ ਨੇ ਮੁਦਈ ਦੀ ਕੁੱਟਮਾਰ ਕੀਤੀ ਜਿਸਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। | | ਸ:ਥ ਅੰਗਰੇਜ਼ ਸਿੰਘ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ